Aman Arora
MLA

Co-President
Aam Aadmi Party Punjab

ਮਿਤੀ: 27-12-2018

ਸਤਿਕਾਰਯੋਗ ਸਰਦਾਰ ਜਗਪਾਲ ਸਿੰਘ ਸੰਧੂ ਜੀ

ਜੈ ਹਿੰਦ ।

ਮੈਂ ਇਸ ਪੱਤਰ ਰਾਹੀ ਆਪਜੀ ਦਾ ਧਿਆਨ ਲੋਕਤਾਂਤਰਿਕ ਪ੍ਰਕਿਰਿਆ ਦੀ ਰੂਹ ਮੰਨੇ ਜਾਂਦੇ ਵੋਟ ਦੇ ਜਮਹੂਰੀ ਅਧਿਕਾਰ ਦੇ ਹੁੰਦੇ ਘਾਣ ਵੱਲ ਦਿਵਾਉਣਾ ਚਾਹੁੰਦਾ ਹਾਂ। ਕੁਝ ਸਰਕਾਰੀ ਮੁਲਾਜਮਾਂ ਵਲੋਂ ਮੇਰੇ ਧਿਆਨ ਵਿਚ ਲਿਆਉਣ ਉਪਰੰਤ ਅਤੇ ਚੋਣ ਪ੍ਰਬੰਧਕੀ ਅਫਸਰਾਂ ਵਲੋਂ ਪੁਸ਼ਟੀ ਕਰਨ ਉਪਰੰਤ ਮੇਨੂੰ ਇਸ ਗੱਲ ਦੀ ਬਹੁਤ ਹੈਰਾਨੀ ਹੋਈ ਕਿ ਪੰਜਾਬ ਵਿੱਚ 30 ਦਸੰਬਰ ਨੂੰ ਹੋਣ ਜਾ ਰਹੀਆਂ ਪੰਚਾਇਤੀ ਚੋਣਾਂ ਵਿੱਚ ਇਸ ਵਾਰੀ ਚੋਣ ਅਮਲੇ ਵਜੋਂ ਡਿਊਟੀ ਨਿਭਾਅ ਰਹੇ ਸਰਕਾਰੀ, ਅਰਧ-ਸਰਕਾਰੀ ਮੁਲਾਜਮ ਆਪਣੀ ਵੋਟ ਪਾਉਣ ਦੇ ਅਧਿਕਾਰ ਦਾ ਇਸਤੇਮਾਲ ਨਹੀਂ ਕਰ ਸਕਣਗੇ।

ਮੈਂ ਸਮਝਦਾ ਹਾਂ ਕਿ ਸਰਕਾਰੀ ਮੁਲਾਜ਼ਮਾਂ ਅਤੇ ਚੋਣ ਅਮਲੇ ਵਿੱਚ ਤੈਨਾਤ ਹਜ਼ਾਰਾਂ ਮੁਲਾਜਮਾਂ ਨੂੰ ਓਹਨਾਂ ਦੇ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਰੱਖਣਾ ਭਾਰਤ ਦੇ ਸਵਿਧਾਨ ਅਤੇ ਪੰਜਾਬ ਪੰਚਾਇਤ ਇਲੈਕਸ਼ਨ ਰੂਲਜ਼ 1994 ਦੇ ਰੂਲ 22 (1) ਦੀ ਘੋਰ ਉਲੰਘਣਾ ਹੈ ਜਿਸਦੀ ਜੁਮੇਵਾਰੀ ਪੰਜਾਬ ਰਾਜ ਇਲੈਕਸ਼ਨ ਕਮਿਸ਼ਨ ਅਤੇ ਪੰਜਾਬ ਸਰਕਾਰ ਦੀ ਬਣਦੀ ਹੈ । ਕਿਤੇ ਨਾ ਕਿਤੇ ਇਹ ਵੀ ਸ਼ੱਕ ਪੈਂਦਾ ਹੈ ਕਿ ਸਰਕਾਰੀ ਮੁਲਾਜ਼ਮਾਂ ਦੀਆਂ ਹੱਕੀ ਮੰਗਾ ਨੂੰ ਸਰਕਾਰ ਵੱਲੋਂ ਅੱਖੋਂ ਪਰੋਖੇ ਕਰਨ ਦੀ ਵਜਾਹ ਕਰਕੇ ਮੁਲਾਜ਼ਮਾਂ ਵਿਚ ਸਰਕਾਰ ਪ੍ਰਤੀ ਨਾਰਾਜ਼ਗੀ ਨੂੰ ਦੇਖਦੇ ਹੋਏ ਕਿਤੇ ਇਹ ਗੈਰ ਸੰਵੈਧਾਨਿਕ ਫੈਸਲਾ ਚੋਣ ਕਮਿਸਨ ਵੱਲੋਂ ਸਰਕਾਰ ਦੇ ਇਸ਼ਾਰੇ ਤੇ ਤਾਂ ਨਹੀਂ ਕੀਤਾ ਜਾ ਰਿਹਾ।

ਸੋ ਇਸ ਲਈ ਆਮ ਆਦਮੀ ਪਾਰਟੀ ਆਪਜੀ ਨੂੰ ਅਪੀਲ ਕਰਦੀ ਹੈ ਕਿ ਪੰਚਾਇਤੀ ਚੋਣਾਂ ਦੀ ਅਹਿਮੀਅਤ ਅਤੇ ਵੋਟ ਦੇ ਅਧਿਕਾਰ ਦੀ ਗੰਭੀਰਤਾ ਨੂੰ ਸਮਝਦੇ ਹੋਏ ਇਸ ਸੰਬੰਧੀ ਉਚੇਚੇ ਪੁਖ਼ਤਾ ਇੰਤਜਾਮ ਜਲਦ ਕੀਤੇ ਜਾਣ ਤਾਂ ਕਿ ਕੋਈ ਵੀ ਮੁਲਾਜ਼ਮ ਵੋਟ ਪਾਉਣ ਤੋਂ ਵਾਂਝਾ ਨਾ ਰਹਿ ਸਕੇ।

ਧੰਨਵਾਦ ਸਹਿਤ।

ਆਪਜੀ ਦਾ ਸ਼ੁਭਚਿੰਤਕ,

(ਅਮਨ ਅਰੋੜਾ)

ਸਰਦਾਰ ਜਗਪਾਲ ਸਿੰਘ ਸੰਧੂ ਜੀ,
ਮੁੱਖ ਚੋਣ ਅਫਸਰ,
ਪੰਜਾਬ ਰਾਜ ਚੋਣ ਕਮਿਸ਼ਨ

Kothi No. 1, Babu Bhagwan Dass Arora Marg, Sunam - 148028, Distt. Sangrur, Punjab, Mob. : 93570-55555, 97799-05555